Tejinder Kaur 15.3.23

16/3

**BUDHA DAL PUBLIC SCHOOL, PATIALA**

**FINAL EXAMINATION (16 March 2023)**

**Class-IV**

**Sub: Punjabi**

**(Set - B)**

Time:2.30hrs. Marks:60

**ਪ੍ਰ1. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।** (4)

ਮੌਕਾ, ਮਹਿਸੂਸ, ਖਿਮਾ, ਮਹਿੰਗੀ

**ਪ੍ਰ2. ਹੇਠ ਲਿਖੇ ਵਾਕਾਂ ਵਾਕਾਂ ਵਿੱਚ ਖਾਲੀ ਥਾਵਾਂ ਭਰੋ।** (4)

ਪੇਕੇ, ਸਬਰ-ਸੰਤੋਖ, ਪੜ੍ਹਾਈ, ਅਖ਼ੀਰਲੀ

1. ਹਰਲੀਨ ਆਪਣੀ ............... ਦਾ ਕੰਮ ਮੁਕਾ ਕੇ ਦਾਦੀ ਮਾਂ ਕੋਲ ਆ ਗਈ।
2. ਸੰਤੋਸ਼ ................ ਵਾਲੀ ਕੁੜੀ ਸੀ।
3. ਪਤਨੀ ਰੁੱਸ ਕੇ .................... ਚਲੀ ਗਈ।
4. ਸੰਤੋਸ਼ ਦੇ ਹਿੱਸੇ .................. ਇੱਕ ਰੋਟੀ ਆਈ।

**ਪ੍ਰ3. ਹੇਠਾਂ ਲਿਖੇ ਵਾਕਾਂ ਅੱਗੇ ਸਹੀ ਜਾਂ ਗਲਤ ਲਿਖੋ।** (2)

1. ਸੰਤੋਸ਼ ਦੀ ਰੋਟੀ ਵਿੱਚੋਂ ਦੋ ਮੋਹਰਾਂ ਨਿਕਲੀਆਂ।
2. 'ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ' ਹਰਲੀਨ ਨੇ ਕਿਹਾ।
3. ਅਖਾਉਤਾਂ ਨੂੰ ਆਮ ਲੋਕ ਬਣਾਉਂਦੇ ਹਨ।
4. ਵਪਾਰੀ ਲੋਕਾਂ ਨੇ ਲੰਗਰ ਲਗਾਇਆ ਸੀ।

**ਪ੍ਰ4. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:** (6)

1. ਕਿਹੜੇ ਬੋਲ ਦੁਸ਼ਮਣਾਂ ਨੂੰ ਵੀ ਮੇਲ ਦਿੰਦੇ ਹਨ?
2. ਦਾਨੀ ਪੁਰਸ਼ ਨੇ ਸੰਤੋਸ਼ ਦੇ ਸਾਰੇ ਪਰਿਵਾਰ ਨੂੰ ਕਿੱਥੇ ਨੌਕਰੀ ਦੇ ਦਿੱਤੀ?
3. 'ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ' ਅਖਾਣ ਕਿਸ ਨੇ ਬੋਲਿਆ? ਦਾਦੀ ਮਾਂ ਨੇ ਕਿਸ ਨੂੰ ਸਲਾਹ ਦਿੱਤੀ?
4. 'ਸਬਰ ਸੰਤੋਖ' ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ?

**ਪ੍ਰ5. ਹੇਠਾਂ ਲਿਖੇ ਸ਼ਬਦਾਂ ਦੇ ਵਾਕ ਬਣਾਉ:** (4)

ਲੰਗਰ, ਪੜ੍ਹਾਈ, ਨੌਕਰੀ, ਸਲਾਹ

**ਪ੍ਰ6. ਹੇਠਾਂ ਲਿਖੇ ਸ਼ਬਦਾਂ ਦੇ ਲਿੰਗ ਬਦਲੋ:** (4)

ਸਰਦਾਰ, ਲੇਖਕ, ਖਿਡਾਰੀ, ਗਿੱਦੜ

**ਪ੍ਰ7. ਹੇਠਾਂ ਲਿਖੇ ਸ਼ਬਦਾਂ ਦੇ ਵਚਨ ਬਦਲੋ:** (4)

ਚੰਗਾ, ਸਾਡਾ, ਚਾਕੂ, ਬਾਲਟੀ

**ਪ੍ਰ8. ਹੇਠਾਂ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (4)

ਅੰਦਰ, ਸਵਰਗ, ਤੇਜ਼, ਸਿਆਣਾ

Scanned with OKEN Scanner

ਪ੍ਰ9. ਹੇਠਾਂ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (3)

ਕੰਗਾ, ਗੋਬੀ, ਮੱਖਨ, ਰਾਨੀ, ਮੇਹਨਤ,ਕੇਹੜਾ

ਪ੍ਰ11. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (5)

ੳ) ਆਪਣੇ ਨਾਲ ਬੀਤੀ ਘਟਨਾ -

ਅ) ਲੋਹੇ ਦਾ ਕੰਮ ਕਰਨ ਵਾਲਾ -

ੲ) ਜਿਸ ਨੂੰ ਸਾਰੇ ਪਿਆਰ ਕਰਦੇ ਹੋਣ -

ਸ) ਸਾਰੇ ਪਿੰਡ ਦੀ ਸਾਂਝੀ ਥਾਂ -

ਹ) ਜਿਹੜੀ ਚੀਜ਼ ਦੂਜੇ ਦੇਸ਼ਾਂ ਨੂੰ ਭੇਜੀ ਜਾਵੇ -

ਪ੍ਰ11. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ: (6)

ੳ) ਬੋਲੀ ਕਿੰਨੇ ਪ੍ਰਕਾਰ ਦੀ ਹੁੰਦੀ ਹੈ?

ਅ) ਪੰਜਾਬੀ ਭਾਸ਼ਾ ਦੀ ਲਿਪੀ ਕਿਹੜੀ ਹੈ?

ੲ) ਪੰਜਾਬੀ ਵਰਨਮਾਲਾ ਵਿੱਚ ਕਿੰਨੇ ਅਤੇ ਕਿਹੜੇ ਦੁੱਤ ਅੱਖਰ ਹਨ?

ਸ) ਪੰਜਾਬ ਦੀ ਰਾਜ ਭਾਸ਼ਾ ਕਿਹੜੀ ਹੈ?

ਹ) ਪੰਜਾਬੀ ਵਰਨਮਾਲਾ ਵਿੱਚ ਕੁੱਲ ਕਿੰਨੇ ਅੱਖਰ ਹਨ?

ਕ) ਸ਼ ਤੋਂ ਲ਼ ਤੱਕ ਦੇ ਅੱਖਰ ਕਿਸ ਭਾਸ਼ਾ ਤੋਂ ਲਏ ਗਏ ਹਨ?

ਪ੍ਰ12.ੳ) ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਅੱਗੇ (✔) ਦਾ ਨਿਸ਼ਾਨ ਲਗਾਉ। (2)

1. ਪੜਨਾਂਵ ਕਿਸ ਦੀ ਥਾਂ 'ਤੇ ਵਰਤੇ ਜਾਂਦੇ ਹਨ?
   ੳ) ਨਾਂਵ ਅ) ਵਾਕ
2. ਪੜਨਾਂਵ ਕਿੰਨੀ ਕਿਸਮ ਦੇ ਹਨ?
   ੳ) ਅੱਠ ਅ) ਛੇ
3. ਪੜਨਾਂਵ ਸ਼ਬਦ ਭਾਸ਼ਾ ਨੂੰ ਕਿਹੋ ਜਿਹਾ ਬਣਾਉਂਦੇ ਹਨ?
   ੳ) ਰਸੀਲਾ ਅ) ਬੇ-ਸੁਆਦੀ
4. 'ਇਹਨਾਂ ਨੇ ਹੀ ਮੈਚ ਜਿੱਤਿਆ ਹੈ' ਵਿੱਚ ਪੜਨਾਂਵ ਸ਼ਬਦ ਕਿਹੜਾ ਹੈ?
   ੳ) ਮੈਚ ਅ) ਇਹਨਾਂ

ਅ) ਪੜਨਾਂਵ ਕਿਸ ਨੂੰ ਆਖਦੇ ਹਨ? (2)

Scanned with OKEN Scanner

**ਪ੍ਰ13. ਅਰਜ਼ੀ / ਬਿਨੈ-ਪੱਤਰ :** (5)

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

**ਪ੍ਰ14. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ।** (5)

ਕਿਸੇ ਕਿਸਾਨ ਕੋਲ ਇੱਕ ਮੁਰਗੀ ਸੀ ਜੋ ਹਰ ਰੋਜ਼ ਸੋਨੇ ਦਾ ਆਂਡਾ ਦਿੰਦੀ ਸੀ। ਕਿਸਾਨ ਹੌਲ਼ੀ-ਹੌਲ਼ੀ ਅਮੀਰ ਹੁੰਦਾ ਗਿਆ। ਇੱਕ ਦਿਨ ਉਸ ਦੇ ਦਿਲ ਵਿੱਚ ਲਾਲਚ ਆ ਗਿਆ। ਉਸ ਨੇ ਸੋਚਿਆ ਕਿ ਕਿਉਂ ਨਾ ਮੁਰਗੀ ਦੇ ਢਿੱਡ ਵਿੱਚ ਪਏ ਹੋਏ ਸਾਰੇ ਸੋਨੇ ਦੇ ਆਂਡੇ ਇੱਕੋ ਵਾਰੀ ਲੈ ਲਏ ਜਾਣ। ਇਸ ਤਰ੍ਹਾਂ ਉਹ ਮਿੰਟਾਂ ਵਿੱਚ ਹੀ ਅਮੀਰ ਬਣ ਜਾਵੇਗਾ।

**ਪ੍ਰਸ਼ਨ/ ਉੱਤਰ :**

1. ਕਿਸ ਕੋਲ ਇੱਕ ਮੁਰਗੀ ਸੀ?
2. ਕਿਸਾਨ ਨੇ ਕੀ ਸੋਚਿਆ?

**ਖਾਲੀ ਥਾਵਾਂ ਭਰੋ:**

1. ਮੁਰਗੀ ਹਰ ਰੋਜ਼ ਸੋਨੇ ਦਾ ............... ਦਿੰਦੀ ਸੀ।
2. ਕਿਸਾਨ ਨੇ ਸੋਚਿਆ ਉਹ ਮਿੰਟਾਂ ਵਿੱਚ ਹੀ ............. ਬਣ ਜਾਵੇਗਾ।

**ਸਹੀ/ ਗਲਤ :**

1. ਮੁਰਗੀ ਹਰ ਰੋਜ਼ ਸੋਨੇ ਦੇ ਪੰਜ ਆਂਡੇ ਦਿੰਦੀ ਸੀ।
2. ਕਿਸਾਨ ਹੌਲ਼ੀ-ਹੌਲ਼ੀ ਅਮੀਰ ਹੁੰਦਾ ਗਿਆ।

Scanned with OKEN Scanner